# 44

# ਇਕ ਚੰਗਾ ਵਿਚਾਰ ਬੁਰਾ ਬਣ ਗਿਆ

## ਮੱਤੀ 15:1-6; ਮਰਕੁਸ 7:1-5, 9-13; ਇਕ ਨੇੜ ਝਾਤ

''ਫਿਡਲਰ ਆਨ ਦ ਰੂਫ਼'' ਨਾਮਕ ਨਾਟਕ ਵਿਚ ਇਕ ਯਹੂਦੀ ਪਿਤਾ ਨੌਜਵਾਨ ਪੀੜ੍ਹੀ ਦੇ ਪੁਰਾਣੇ ਤਰੀਕਿਆਂ ਪ੍ਰਤੀ ਲਾਪਰਵਾਹ ਹੋਣ ਤੇ ਤੰਗ ਹੋ ਕੇ ''ਰਵਾਇਤ, ਰਵਾਇਤ!'' ਦਾ ਇਕ ਗੀਤ ਗਾਉਂਦੇ ਹਨ। ਜਦ ਵੀ ਮੈਂ ਇਸ ਦ੍ਰਿਸ਼ ਨੂੰ ਵੇਖਦਾ ਹਾਂ, ਤਾਂ ਮੈਨੂੰ ਇਸ ਵਿਚ ਸ਼ਾਮਿਲ ਹਰ ਆਦਮੀ ਤੇ ਤਰਸ ਆਉਂਦਾ ਹੈ: ਜਵਾਨ ਲੋਕਾਂ ਤੇ ਜੋ ਆਪਣੇ ਵਾਕਿਫ਼ ਸੰਸਾਰ ਨੂੰ ਹੱਥ ਤੋਂ ਨਿਕਲ ਦੇ ਵੇਖਦੇ ਸਨ ਹੀ ਮਨ ਵਿਚ ਘੁੱਟ ਰਹੇ ਹਨ।

ਨਾਟਕ ਵਾਲਾ ਪਿਤਾ ਜੇ ਆਪਣੇ ਸਮੇਂ ਦੀਆਂ ਕੁਝ ਰਵਾਇਤਾਂ ਨੂੰ ਮਿਲ ਰਹੀ ਚੁਣੌਤੀ ਤੋਂ ਘਬਰਾ ਗਿਆ, ਤਾਂ ਕਲਪਨਾ ਕਰੋ ਕਿ ਉਸ ਨੂੰ ਅੱਜ ਕਿਵੇਂ ਲੱਗੇਗਾ। ਐਨੇ ਘੱਟ ਸਮੇਂ ਵਿਚ ਪੁਰਾਣੀ ਬਜ਼ੁਰਗੀ ਦੀਆਂ ਰਵਾਇਤਾਂ ਨੂੰ ਉਨ੍ਹਾਂ ਦੀ ਥਾਂ ਘੱਟ ਸਥਾਈ ਰਵਾਇਤਾਂ ਲਿਆ ਕੇ ਪਹਿਲਾ ਕਦੇ ਨਹੀਂ ਤਿਆਗਿਆ ਗਿਆ। ਤਿਆਗੀ ਹੋਈ ਕੀਮਤ ਦੇ ਇਲਾਵਾ ਕਿ ''ਉਹ ਕੌਣ ਹੈ'' ਜਾਣਨ ਦੀ ਕੋਸ਼ਿਸ਼ ਕਰਦੇ ਹੋਏ ਜ਼ਿੰਦਗੀ ਦਾ ਅਰਥ ਲੱਭਦੇ ਲੋਕ ਉਲਝਣ ਵਿਚ ਹਨ।

ਇਵੇਂ ਸਿਰਫ਼ ਸਮਾਜ ਵਿਚ ਹੀ ਨਹੀਂ, ਧਰਮ ਵਿਚ ਵੀ ਹੁੰਦਾ ਹੈ। ਕੁਝ ਲੋਕਾਂ ਨੂੰ ਤਾਂ ਇਹ ਲਗਦਾ ਹੈ ਕਿ ਜੋ ਵੀ ''ਰਵਾਇਤ'' ਹੈ, ਉਹ ਆਪਣੇ ਆਪ ਹੀ ਦੂਰ ਹੋ ਜਾਵੇਗੀ, ਜਦ ਕਿ ਦੂਜੇ ਲੋਕ ਅਤੀਤ ਨੂੰ ਸੰਭਾਲ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਕਿਵੇਂ ਦੋਵਾਂ ਦੇ ਵਿਚ ਕੋਈ ਸੁਰੱਖਿਅਤ ਅਤੇ ਸਮਝਦਾਰੀ ਦੀ ਥਾਂ ਹੈ? ਜੇ ਹਾਂ, ਤਾ ਉਹ ਕੀ ਹੈ? ਰਵਾਇਤਾਂ ਚੰਗੀਆਂ ਕਦੋਂ ਹੁੰਦੀਆਂ ਹਨ, ਅਤੇ ਬੁਰੀਆਂ ਕਦੋਂ ਹੁੰਦੀਆਂ ਹਨ? ਉਲਝਣ ਭਰੇ ਸੰਸਾਰ ਵਿਚ ਜਿਸ ਵਿਚ ਅਸੀਂ ਰਹਿੰਦੇ ਹਾਂ, ਕੁਝ ਸਵਾਲ ਬਹੁਤ ਨਾਜ਼ੁਰਕ ਹਨ।

ਬਾਈਬਲ ਵਿਚ ਰਵਾਇਤਾਂ ਤੇ ਸਭ ਤੋਂ ਲੰਮੀ ਗੱਲਬਾਤ ਮੱਤੀ 15 ਅਤੇ ਮਰਕੁਸ 7 ਅਧਿਆਇਆਂ ਵਿਚ ਮਿਲਦੀ ਹੈ, ਜਦ ਯਿਸੂ ਨੂੰ ਇਸ ਇਲਜ਼ਾਮ ਦੇ ਵਿਰੁੱਧ ਕਿ ਉਸ ਦੇ ਚੇਲੇ ''ਵੱਡਿਆਂ ਦੀ ਰੀਤ'' ਦਾ ਉਲੰਘਣ ਕਰਦੇ ਹਨ, ਉਨ੍ਹਾਂ ਦਾ ਬਚਾਓ ਕਰਨਾ ਪੈਂਦਾ ਹੈ। ਇਨ੍ਹਾਂ ਦੋਵਾਂ ਨੂੰ ਕਈ ਤਰ੍ਹਾਂ ਵੇਖਿਆ ਜਾ ਸਕਦਾ ਹੈ[1] ਪਰ ਅਸੀਂ ਇਸ ਅਤੇ ਅਗਲੇ ਸਰਮਨ ਵਿਚ ਉਨ੍ਹਾਂ ਦੀ ਵਰਤੋਂ ਹੁਣ ਓਠੇ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਲਈ ਕਰਾਂਗੇ।

ਇਸ ਸੰਦੇਸ਼ ਨੂੰ ਤਿਆਰ ਕਰਨਾ ਮੁਸ਼ਕਿਲ ਸੀ। ਕਿਸੇ ਰਵਾਇਤ ਨਾਲ ਜੁੜੇ ਰਹਿਣ ਅਤੇ ਉਸ ਨੂੰ ਚੱਲਣ ਦੇਣ ਲਈ ਤਿਆਰ ਹੋਣ ਬਾਰੇ ਜਾਣਨਾ ਸੌਖਾ ਨਹੀਂ ਹੁੰਦਾ। ਸਾਡੇ ਲਈ ਉਸ ਹਲਾਤ ਦਾ ਪਤਾ ਲੱਗਣਾ ਮੁਸ਼ਕਿਲ ਹੈ, ਜੋ ਚਰਮਾਂ ਤੋਂ ਬਚਦੀ ਹੈ ਅਤੇ ਉਸ ਵਿਚ ਬਣੇ ਰਹਿਣਾ ਹੋਰ ਵੀ ਮੁਸ਼ਕਿਲ ਹੈ। ਆਪਣੇ ਉੱਤੇ ਲਾਗੂ ਕਰਨ ਦੀ ਥਾਂ ਦੂਜਿਆਂ ਤੇ ਕਿਸੇ ਸਿਧਾਂਤ ਨੂੰ ਲਾਗੂ ਕਰਨਾ ਸੌਖਾ ਹੈ। ਸਾਡੇ ਵਿੱਚੋਂ ਕੋਈ ਯਿਸੂ ਵੱਲੋਂ ਗਲਤ ਠਹਿਰਾਈਆਂ ਗਈਆਂ ਰੀਤਾਂ ਤੋਂ ਬਚ ਨਹੀਂ ਸਕਦਾ।[2] ਇਸ ਤਰ੍ਹਾਂ ਦੇ ਸਰਮਨ ਆਪਣੀ ਪਰਖ ਅਤੇ ਜਾਂਚ ਦੀ ਮੰਗ ਕਰਦੇ ਹਨ।

## ਕੋਈ ਰਵਾਇਤ ਬੁਰੀ ਹੋ ਸਕਦੀ ਹੈ
## (ਮੱਤੀ 15:1, 2; ਮਰਕੁਸ 7:1-5)

ਇਕ ਦਿਨ, ਕਫ਼ਰਨਾਹੂਮ ਵਿਚ ਯਿਸੂ ਦੀ ਟੱਕਰ ਫ਼ਰੀਸੀਆਂ ਦੀ ਇਕ ਟੋਲੀ ਨਾਲ ਹੋਈ।[3] ਇਸ ਮੁਲਾਕਾਤ ਫ਼ਰੀਸੀਆਂ ਵੱਲੋਂ ਸੀ। ਇਹ ਉਨ੍ਹਾਂ ਆਮ ਫ਼ਰੀਸੀਆਂ[4] ਵਿੱਚੋਂ ਨਹੀਂ ਸਨ ਜਿਹੜੇ ਹਰ ਥਾਂ ਉਸ ਦੇ ਮਗਰ ਮਗਰ ਰਹਿੰਦੇ ਸਨ ਬਲਕਿ ਇਹ ਯਿਸੂ ਦੇ ਛੇਤੀ ਖਾਤਮੇ ਲਈ ਯਰੂਸ਼ਲਮ ਵੱਲੋਂ ਭੇਜੇ ਗਏ[5] ਗਲੇ ਪੈਣ ਵਾਲੇ ਪੰਗੇਬਾਜ਼ ਸਨ।[6] ਇਹ ਇਲਜ਼ਾਮ ਕਿ ਮਸੀਹ ਸੱਬਤ ਨੂੰ ਤੋੜ ਰਿਹਾ ਸੀ, ਉਲਟਾ ਅਸਰ ਕਰਨ ਵਾਲਾ ਸਾਬਿਤ ਹੋ ਚੁੱਕਿਆ ਸੀ, ਇਸ ਲਈ ਉਨ੍ਹਾਂ ਨੇ ਨਵਾਂ ਇਲਜ਼ਾਮ ਲਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਪੁੱਛਿਆ, ''ਤੇਰੇ ਚੇਲੇ ਵੱਡਿਆਂ ਦੀ ਰੀਤ ਕਿਉਂ ਤੋੜਦੇ ਹਨ ਕਿ ਰੋਟੀ ਖਾਣ ਵੇਲੇ ਹੱਥ ਨਹੀਂ ਧੋਂਦੇ?'' (ਮੱਤੀ 15:2)।

### ''ਰੀਤ'' ਦੀ ਪਰਿਭਾਸ਼ਾ

ਉਨ੍ਹਾਂ ਦੇ ਇਲਜ਼ਾਮ ਨੂੰ ਸਮਝਦੇ ਇਹ ਪਤਾ ਹੋਣਾ ਜ਼ਰੂਰੀ ਹੈ ਕਿ ''ਵੱਡਿਆਂ ਦੀ ਰੀਤ'' ਜਾਂ ਰਵਾਇਤ ਕੀ ਸੀ ਅਤੇ ਫ਼ਰੀਸੀਆਂ ਲਈ ਇਹ ਐਨੀ ਅਹਿਮ ਕਿਉਂ ਸੀ। ''ਰੀਤ'' ਸ਼ਬਦ ਉਸ ਮਿਸ਼ਰਤ ਯੂਨਾਨੀ ਸ਼ਬਦ ਦਾ ਅਨੁਵਾਦ ਹੈ, ਜਿਸ ਦਾ ਮੂਲ ਅਰਥ ਹੈ ''ਜੋ ਸਪੁਰਦ ਕੀਤਾ ਗਿਆ ਸੀ।''[7] ਮੱਤੀ 15:2 ਵਿਚ ਗੁੱਡਸਪੀਡ ਨੇ ਇਸ ਸ਼ਬਦ ਦਾ ਅਨੁਵਾਦ ''ਸਪੁਰਦ ਕੀਤਾ ਗਿਆ'' ਕੀਤਾ ਹੈ।[8]

ਬਾਈਬਲ ਵਿਚ ਕਦੇ ਕਦੇ ਇਸ ਸ਼ਬਦ ਦੀ ਵਰਤੋਂ ਉਸ ਸਿੱਖਿਆ ਲਈ ਕੀਤੀ ਜਾਂਦੀ ਹੈ, *ਜੋ ਖ਼ੁਦਾ ਵੱਲੋਂ* ''ਸੌਂਪੀ ਗਈ'' ਸੀ (ਭਾਵ, ਖ਼ੁਦਾ ਦੀ ਪ੍ਰੇਰਨਾ ਨਾਲ ਦਿੱਤੀ ਗਈ; 1 ਕੁਰਿੰਥੀਆਂ 11:2; 2 ਥੱਸਲੁਨੀਕੀਆਂ 2:15; 3:6)। ਵਧੇਰੇ ਕਰਕੇ ਇਸ ਦਾ ਅਰਥ ਮਨੁੱਖਾਂ ਵੱਲੋਂ ਦਿੱਤੇ ਗਏ ਕਾਇਦੇ ਦੇ ਰੂਪ ਵਿਚ ਵੀ ਹੁੰਦਾ ਹੈ (ਮੱਤੀ 15:2, 3, 6; ਮਰਕੁਸ 7:3, 5, 8, 9, 13; ਗਲਾਤੀਆਂ 1:14; ਕੁਲੁੱਸੀਆਂ 2:8)। ਆਜਿਹੀਆਂ ਰੀਤਾਂ ਵੱਲ ਧਿਆਨ ਦਵਾਉਣ ਲਈ ਟਰੁੱਥ ਫ਼ਾਰ ਟੁਡੇ ਵਿਚ ਕਈ ਵਾਰ ''ਮਨੁੱਖਾਂ ਦੀ ਰੀਤ'' ਅਤੇ ''ਖ਼ੁਦਾ ਦੀ ਪ੍ਰੇਰਣਾ ਰਹਿਤ ਰੀਤ'' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਅਤੇ ਅਗਲੇ ਸਰਮਨ ਵਿਚ ਮੈਂ ''ਰੀਤ'' ਸ਼ਬਦ ਦੀ ਵਰਤੋਂ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਦੇ ਅਰਥ ਵਿਚ ਹੀ ਕਰਾਂਗਾ।

ਫ਼ਰੀਸੀਆਂ ਨੇ ''ਵੱਡਿਆਂ ਦੀ ਰੀਤ'' ਦੀ ਗੱਲ ਕੀਤੀ। ''ਵੱਡਿਆਂ'' ਸ਼ਬਦ ਦਾ ਸਬੰਧ ਸਿਨਾਗੋਗ ਦੇ ਅਧਿਕਾਰੀਆਂ ਤੋਂ ਨਹੀਂ (ਲੂਕਾ 7:3)[9] ਬਲਕਿ ਗੁਜ਼ਰੇ ਜ਼ਮਾਨੇ ਦੇ ਉਨ੍ਹਾਂ ਲੋਕਾਂ ਤੋਂ ਸੀ ਜਿਨ੍ਹਾਂ ਨੂੰ ਸ਼ਰ੍ਹਾ ਦੇ ਆਲਮ ਮੰਨਿਆ ਜਾਂਦਾ ਸੀ।[10] ਸਦੀਆਂ ਤਕ ਸਨਮਾਨਿਤ ਯਹੂਦੀ ਮੂਸਾ ਦੀ ਸ਼ਰ੍ਹਾ ਦੀ ਵਿਆਖਿਆ ਅਤੇ ਇਸ ਦੇ ਸਬੰਧ ਵਿਚ ਫ਼ੈਸਲੇ ਕਰਦੇ ਸਨ। ਉਹ ਸਿੱਖਿਆਵਾਂ ਬਹੁਤ ਵੱਡੀ ''ਜ਼ਬਾਨੀ ਸ਼ਰ੍ਹਾ'' ਜਾਂ ''ਰੀਤ'' ਦੇ ਰੂਪ ਵਿਚ ਬਣ ਗਈਆਂ ਸਨ।[11]

ਫ਼ਰੀਸੀਆਂ ਦੀ ਸਿੱਖਿਆ ਸੀ ਕਿ ਮੂਸਾ ਨੇ ਆਪ ਲਿਖੀ ਸ਼ਰ੍ਹਾ ਦੇ ਨਾਲ ਨਾਲ ''ਜ਼ਬਾਨੀ ਸ਼ਰ੍ਹਾ'' ਦਿੱਤੀ ਸੀ,[12] ਅਤੇ ਇਹ ਕਿ ਇਹ ''ਜ਼ਬਾਨੀ ਸ਼ਰ੍ਹਾ'' ਮਹਾਨ ਸਿਖਾਉਣ ਵਾਲਿਆਂ ਦੇ ਰਾਹੀਂ ਦਿੱਤੀ ਗਈ ਸੀ। ਫ਼ਰੀਸੀ ''ਰੀਤ'' ਨੂੰ ਸ਼ਰ੍ਹਾ ਦੇ ਰੂਪ ਵਿਚ ਬਲਕਿ ਇਸ ਨਾਲੋਂ ਵੀ ਵੱਧ ਮੰਨਦੇ ਸਨ। ਵਾਰੇਨ ਵਿਅਰਸਬੇ ਨੇ ''ਰੀਤ'' ਤੇ ਦਿੱਤੇ ਜਾਣ ਵਾਲੇ ਜ਼ੋਰ ਨੂੰ ਵਿਖਾਇਆ ਹੈ:

> ਰੱਬੀ ਅਲੀਅਜ਼ਰ ਨੇ ਕਿਹਾ, ''ਜੋ ਬੰਦਾ ਲਿਖਤ ਦੀ ਵਿਆਖਿਆ ਰੀਤ ਦੇ ਵਿਰੋਧ ਵਿਚ ਕਰਦਾ ਹੈ ਉਸਦਾ ਆਉਣ ਵਾਲੇ ਸੰਸਾਰ ਵਿਚ ਕੋਈ ਭਾਗ ਨਹੀਂ ਹੈ। *ਤਾਲਮੁਡ* ਵਿਚ ਯਹੂਦੀ ਰੀਤਾਂ ਦੇ ਸੰਗ੍ਰਹਿ ਮਿਸ਼ਨਾਹ ਵਿਚ ਲਿਖਿਆ ਹੈ, ''ਲਿਖਤ ਦੇ ਉਲਟ ਸਿਖਾਉਣ ਦੀ ਥਾਂ ਰੱਬੀਆਂ ਦੀ ਅਵਾਜ਼ ਦੇ ਵਿਰੋਧ ਵਿਚ ਇਸ ਤਰ੍ਹਾਂ ਦੀ ਸਿੱਖਿਆ ਵਧੇਰੇ ਸਜ਼ਾ ਦੇ ਯੋਗ ਹੈ।''[13]

ਰੀਤ ਜਾਂ ਰਵਾਇਤ ਦੇ ਨੇਮ ਨੂੰ ਸ਼ਰ੍ਹਾ ਦੇ ਆਲੇ ਦੁਆਲੇ ''ਵਾੜਾਂ'' ਵਾਂਗ ਮੰਨਿਆ ਜਾਂਦਾ ਸੀ। ਵਿਚਾਰ ਇਹ ਸੀ ਕਿ ਜੋ ''ਰੀਤ'' ਨੂੰ ਨਹੀਂ ਤੋੜਦਾ, ਉਹ ਸ਼ਰ੍ਹਾ ਨੂੰ ਵੀ ਨਹੀਂ ਤੋੜੇਗਾ। ਸ਼ੁਰੂ ਵਿਚ ਇਹ ਵਿਚਾਰ ਬੁਰਾ ਨਹੀਂ ਸੀ, ਪਰ ਰਹਿਤਾਂ ਦੀ ਗਿਣਤੀ ਹਜ਼ਾਰਾਂ ਵਿਚ ਤਦ ਤਕ ਵਧਦੀ ਗਈ, ਜਦ ਤਕ ਅਖ਼ੀਰ ਵਿਚ ਬੇਤੁਕੀਆਂ ਨਹੀਂ ਹੋ ਗਈਆਂ। ਇਹ ਇਕ ਚੰਗੇ ਵਿਚਾਰ ਦਾ ਬੁਰਾ ਹੋ ਜਾਣਾ ਸੀ।

**''ਰੀਤ'' ਦੀ ਮੰਗ ਕੀਤੀ ਗਈ**

ਖਾਣ ਤੋਂ ਪਹਿਲਾ ਹੱਥ ਧੋਣ ਦੀ ''ਰੀਤ'' ਜਾਂ ਰਵਾਇਤ ਇਕ ਵਧੀਆ ਮਿਸਾਲ ਹੈ। ਰਸਮੀ ਅਸ਼ੁੱਧਤਾ ਬਾਰੇ ਪੁਰਾਣਾ ਨੇਮ ਬਹੁਤ ਕੁਝ ਆਖਦਾ ਹੈ ( ਲੇਵੀਆਂ ਦੀ ਪੋਥੀ 11–15 ਅਤੇ ਗਿਣਤੀ 19 ਪੜ੍ਹੋ।) ਆਮ ਤੌਰ ਤੇ, ''ਅਸ਼ੁੱਧਤਾ'' ਦਾ ਸਬੰਧ ਸਾਫ਼ ਸਫ਼ਾਈ ਨਾਲ ਨਹੀਂ, ਪਰ ਖ਼ੁਦਾ ਤਕ ਪਹੁੰਚਣ ਲਈ ਮਨੁੱਖ ਦੀ ਯੋਗਤਾ ਨਾਲ ਬਹੁਤਾ ਸੀ। ਸਿਹਤ ਸੁਧਾਰ ਅਸ਼ੁੱਧਤਾ ਨੂੰ ਦੂਰ ਕਰਨ ਦੀਆਂ ਕੁਝ ਰੀਤਾਂ ਵਿਚ ਨਹਾਉਣਾ ਵੀ ਸ਼ਾਮਿਲ ਸੀ।[14] ਪਹਿਲਾਂ ਦਿੱਤੇ ਗਏ ਨੇਮ ਬਹੁਤ ਗੁੰਝਲਦਾਰ ਸਨ, ਪਰ ਸਦੀਆਂ ਬਾਅਦ ਉਨ੍ਹਾਂ ਵਿਚ ਰਸਮੀ ਅਸ਼ੁੱਧਤਾ ਅਤੇ ਰਸਮੀ ਧੋਣ ਦੇ ਨੇਮ ਸ਼ਾਮਿਲ ਕਰ ਦਿੱਤੇ ਗਏ, ਜਿਸ ਵਿਚ ਅਖੀਰ ਵਿਚ ਉਨ੍ਹਾਂ ਦੀ ਗਿਣਤੀ ਬਹੁਤ ਹੋ ਗਈ।[15]

''ਅਸ਼ੁੱਧ'' ਮੰਨੀਆ ਜਾਣ ਵਾਲੀਆਂ ਫ਼ਰੀਸੀਆਂ ਦੀਆਂ ਚੀਜ਼ਾਂ, ਹਲਾਤ ਅਤੇ ਮੌਕਿਆਂ ਦੀ ਸੂਚੀ ਬਹੁਤ ਲੰਮੀ ਸੀ। ਇਸ ਦੀ ਥਾਂ ''ਅਸ਼ੁੱਧਤਾ'' ਇਕ ਤੋਂ ਦੂਜੇ ਆਦਮੀ ਤਕ ਪਹੁੰਚਣ ਵਾਲੀ, ਜਾਂ ਇਵੇਂ ਕਹੋ ਕਿ ਛੂਤ ਸੀ। ਉਦਾਹਰਣ ਲਈ ਜੇ ਕੋਈ ਅਸ਼ੁੱਧ ਜਾਨਵਰ (ਜਿਵੇਂ ਚੂਹਾ) ਕਿਸੇ ਭਾਂਡੇ ਨੂੰ ਛੂਹ ਲਵੇ, ਤਾਂ ਉਹ ਭਾਂਡਾ ''ਅਸ਼ੁੱਧ'' ਮੰਨਿਆ ਜਾਂਦਾ ਸੀ। ਉਸ ਭਾਂਡੇ ਵਿਚ ਜੋ ਵੀ ਪਿਆ ਹੋਵੇ ਉਹ ''ਅਸ਼ੁੱਧ'' ਹੋ ਜਾਂਦਾ ਸੀ। ਜੇ ਕੋਈ ਉਸ ਭਾਂਡੇ ਵਿਚ ਰੱਖੀਆਂ ਚੀਜ਼ਾਂ ਖਾ ਲੈਂਦਾ ਤਾਂ ਉਹ ''ਅਸ਼ੁੱਧ'' ਹੋ ਜਾਂਦਾ ਸੀ। ਜੇ ਕੋਈ ਉਸ ''ਅਸ਼ੁੱਧ'' ਆਦਮੀ ਨੂੰ ਛੂਹ ਲੈਂਦਾ ਤਾਂ ਉਹ ਵੀ ''ਅਸ਼ੁੱਧ'' ਹੋ ਜਾਂਦਾ ਸੀ। ਇਸ ਤਰ੍ਹਾਂ ''ਅਸ਼ੁੱਧ'' ਹੋਣ ਦਾ ਇਕ ਚੱਕਰ ਚੱਲਦਾ ਰਹਿੰਦਾ ਸੀ।

ਇਸ ਕਰਕੇ ਮਰਕੁਸ ਨੇ ਜ਼ੋਰ ਦੇ ਕੇ ਆਖਿਆ ਕਿ ''ਫ਼ਰੀਸੀ ਅਤੇ ਸਾਰੇ ਯਹੂਦੀ,[16] ਵੱਡਿਆਂ ਦੀ ਰੀਤ ਨੂੰ ਮੰਨ ਕੇ ਜਦ ਤੀਕਰ ਹੱਥਾਂ ਨੂੰ ਮਲ ਮਲ ਕੇ ਧੋ ਨਾ ਲੈਣ ਖਾਂਦੇ ਨਹੀਂ'' (ਮਰਕੁਸ 7:3)। ਅਨੁਵਾਦ ਹੋਇਆ ਸ਼ਬਦ ''ਮਲ ਮਲ'' ਕੇ ਯੂਨਾਨੀ ਸ਼ਬਦ ਦਾ ਮੂਲ ਅਰਥ ''ਮੁੱਕੇ ਨਾਲ'' ਹੈ।[17] ਇਹ *ਦ ਲਾਈਫ਼ ਐਂਡ ਟਾਈਮਜ਼ ਆਫ਼ ਜੀਜ਼ਸ ਦ ਮਸਾਯਾਹ* ਵਿਚ, ਐਲਫ਼ਰਡ ਐਡਰਸ਼ੇਮ ਨੇ ਧੋਣ ਦੇ ਸਬੰਧ ਕਰਮਕਾਂਡ ਦਾ ਵਰਣਨ ਕੀਤਾ ਹੈ। ਉਸ ਵਿਚ ਕੁਝ ਇਸ ਤਰ੍ਹਾਂ ਹੈ:

> ਸ਼ੁੱਧ ਕੀਤਾ ਜਾਣਾ ਐੱਨੀ ਵਾਰ ਹੁੰਦਾ ਸੀ ਅਤੇ ਇਹ ਵੀ ਧਿਆਨ ਰੱਖਿਆ ਜਾਂਦਾ ਸੀ ਕਿ ਦੂਜੇ ਕੰਮਾਂ ਲਈ ਪਾਣੀ ਦੀ ਵਰਤੋਂ ਨਾ ਹੋਵੇ, ਇਸ ਕੰਮ ਲਈ ... ਵੱਡੇ ਵੱਡੇ ਭਾਂਡੇ ਜਾਂ ਮਟਕੇ ਰੱਖੇ ਹੁੰਦੇ ਸਨ। ... ਇਨ੍ਹਾਂ ਵਿਚ ... ਡੇਡਹ ''ਆਂਡੇ ਦਾ ਖੋਲ'' ਜਿਨ੍ਹਾਂ ਦਾ ਪਾਣੀ ਕੱਢਣ ਦਾ ਰਿਵਾਜ਼ ਸੀ। ... ਪਾਣੀ ਦੋਹਾਂ ਹੱਥਾਂ ਤੇ ਡੋਹਲਿਆ ਜਾਂਦਾ ਸੀ। ਹੱਥ ਉੱਪਰ ਇਸ ਤਰ੍ਹਾਂ ਚੁੱਕੇ ਜਾਂਦੇ ਸਨ ਕਿ ਜਿਸ ਵਿਚ ਪੂਰੇ ਹੱਥ ਸਾਫ਼ ਹੋ ਸਕਣ ਅਤੇ ਹੱਥ ਨਾਲ ਮੈਲਾ ਹੋਇਆ ਪਾਣੀ ਦੁਬਾਰਾ ਤਲੀਆਂ ਤੇ ਪਏ। ਇਸ ਤਰ੍ਹਾਂ ਹਰ ਹੱਥ ਨੂੰ ਦੂਜੇ ਨਾਲ (ਪਹਿਲਾਂ) ਮਲਿਆ ਜਾਂਦਾ ਸੀ, ਜੋ ਮਲਿਆ ਹੋਇਆ ਹੱਥ *[ਸਾਫ਼ ਹੋ ਗਿਆ]* ਹੋਵੇ।[18]

ਮਰਕੁਸ ਨੇ ਹੋਰ ਧਿਆਨ ਦੁਆਇਆ ਕਿ ਫ਼ਰੀਸੀ ''ਬਜ਼ਾਰੋਂ ਆਣ ਕੇ ਨਹੀਂ ਖਾਂਦੇ ਜਿੰਨਾਂ ਚਿਰ ਨਹਾ ਨਾ ਲੈਣ'' (ਮਰਕੁਸ 7:4)। ਬਜ਼ਾਰ ਵਿਚ ਕਈ ਚੀਜ਼ਾਂ ਨਾਲ ਉਹ ਅਸ਼ੁੱਧ ਹੋ ਜਾਂਦੇ ਹੋਣਗੇ। ਉਹ ਅਸ਼ੁੱਧ ਪਰਾਈ ਕੌਮਾਂ ਜਾਂ ਅਸ਼ੁੱਧ ਧੂੜ ਦੇ ਕਣਾਂ ਨਾਲ ਵੀ ਹੋ ਜਾਂਦੇ ਹੋਣਗੇ, ਜੋ ਸ਼ੁੱਧ ਪਰਾਈ ਕੌਮਾਂ ਉਨ੍ਹਾਂ ਤੇ ਪਾ ਦਿੰਦੀਆਂ ਹੋਣਗੀਆਂ! ਬਜ਼ਾਰੋਂ ਘਰ ਆ ਕੇ ਉਹ ਸਿਰਫ਼ ਹੱਥ ਹੀ ਨਹੀਂ ਬਲਕਿ

ਆਪਣਾ ਪੂਰਾ ਪਿੰਡਾ ਧੋਂਦੇ ਸਨ। ਜਾਂ ਇਵੇਂ ਆਖੋ ਕਿ ਖਾਣ ਤੋਂ ਪਹਿਲਾਂ ਉਹ ਨਹਾਉਂਦੇ ਜ਼ਰੂਰ ਸਨ।

ਮਰਕੁਸ ਨੇ ਹੋਰ ਜੋੜਿਆ ਹੈ, ''ਹੋਰ ਬਥੇਰੀਆਂ ਗੱਲਾਂ ਹਨ ਜਿਹੜੀਆਂ ਉਨ੍ਹਾਂ ਨੇ ਮੰਨਣ ਲਈ ਕਬੂਲ ਕੀਤੀਆਂ ਹਨ ਜਿਵੇਂ ਕਟੋਰਿਆਂ ਅਤੇ ਗੜਵਿਆਂ ਅਤੇ ਪਿੱਤਲ ਦੇ ਭਾਂਡਿਆਂ ਦਾ ਧੋਣਾ''[19] (ਮਰਕੁਸ 7:4;)। ਯਾਦ ਰੱਖੋ ਕਿ ਇਸ ਨੂੰ ਮੰਨਣ ਦਾ ਮਕਸਦ ਸਾਫ਼ ਸਫ਼ਾਈ ਨਹੀਂ ਬਲਕਿ ਸਫ਼ਾਈ ਪਸੰਦ ਅਸ਼ੁੱਧਤਾ ਸੀ। ਇਹ ਰਹਿਤ ਬਹੁਤ ਜ਼ਿਆਦਾ ਅਤੇ ਗੁੰਝਲਦਾਰ ਸੀ।

**''ਰੀਤ'' ਦੀ ਅਣਗਹਿਲੀ ਹੋਈ**

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰਖਦੇ ਹੋਏ, ਤੁਸੀਂ ਕਲਪਨਾ ਕਰ ਸਕਦੇ ਹੋ ਕਿ ਆਮ ਜੀਵਨ ਸ਼ੈਲੀ ਤੋਂ ਫ਼ਰੀਸੀ ਕਿੰਨੇ ਭੈਭੀਤ ਸਨ। ਚੇਲਿਆਂ ਕੋਲ ਖਾਣ ਤਕ ਦਾ ਸਮਾਂ ਨਹੀਂ ਸੀ (ਮਰਕੁਸ 6:31), ਤਾਂ ਉਨ੍ਹਾਂ ਤੋਂ ''ਵੱਡਿਆਂ ਦੀ ਰੀਤ'' ਦਾ ਪਾਲਣ ਕਰਨ ਲਈ ਐੱਨਾ ਨਹਾਉਣਾ ਧੋਣਾ ਔਖਾ ਹੋ ਸਕਦਾ ਸੀ। ਰਸੂਲਾਂ ਬਾਰੇ ਪਤਾ ਸੀ ਕਿ ਉਨ੍ਹਾਂ ਨੇ ਖੇਤ ਤੋਂ ਸਿੱਟਾ ਤੋੜ ਕੇ ਮੂੰਹ ਵਿਚ ਪਾ ਲਿਆ ਸੀ (ਮੱਤੀ 12:1–8)![20] ਇਸ ਲਈ ਜਦ ਫ਼ਰੀਸੀਆਂ ਨੇ ''ਉਹ ਦੇ ਕਿੰਨਿਆਂ ਚੇਲਿਆਂ ਨੂੰ ਅਸ਼ੁੱਧ ਭਾਵ ਅਣਧੋਤੇ ਹੱਥਾਂ ਨਾਲ ਰੋਟੀ ਖਾਂਦੇ ਵੇਖਿਆ ਸੀ'' (ਮਰਕੁਸ 7:2), ਤਾਂ ਉਨ੍ਹਾਂ ਨੇ ਯਿਸੂ ਤੋਂ ਪੁੱਛਿਆ ਸੀ, ''ਤੇਰੇ ਚੇਲੇ ਵੱਡਿਆਂ ਦੀ ਰੀਤ ਉੱਤੇ ਕਿਉਂ ਨਹੀਂ ਚੱਲਦੇ ਪਰ ਅਸ਼ੁੱਧ ਹੱਥੀਂ ਰੋਟੀ ਖਾਂਦੇ ਹਨ?'' (ਮਰਕੁਸ 7:5)।

## ਜਦ ਕੋਈ ਰੀਤ[22] ਬੁਰੀ ਹੁੰਦੀ ਹੈ
## (ਮੱਤੀ 15:3-6; ਮਰਕੁਸ 7:9-13)

ਯਿਸੂ ਆਪਣੇ ਆਪ ਵਿਚ ਧਰਮੀ ਭਾਵ ਆਪਣੀ ਹੀ ਸੇਵਾ ਕਰਨ ਵਾਲੇ ਫ਼ਰੀਸੀਆਂ ਕੋਲ ਸਹਿਣਸ਼ੀਲਤਾ ਗੁਆਚ ਰਹੀ ਸੀ।[23] ਉਸ ਨੂੰ ਉਨ੍ਹਾਂ ਦੇ ਇਲਜ਼ਾਮ ਤੋਂ ਇਨਕਾਰ ਕਰਨ ਜਾਂ ਸਿੱਧੇ ਇਸ ਦਾ ਜਵਾਬ ਦੇਣ ਵਿਚ ਕੋਈ ਦਿੱਕਤ ਨਹੀਂ ਸੀ।[24] ਇਸ ਦੇ ਬਜਾਇ ਉਸ ਨੇ *ਉਨ੍ਹਾਂ* ਤੇ ਹੀ ਇਲਜ਼ਾਮ ਲਾ ਦਿੱਤਾ:

> ਤੁਸੀਂ ਵੀ ਕਿਉਂ ਆਪਣੀ ਰੀਤ ਨਾਲ ਪਰਮੇਸ਼ੁਰ ਦੇ ਹੁਕਮ ਨੂੰ ਉਲੰਘਣ ਕਰਦੇ ਹੋ? ਕਿਉਂ ਜੋ ਪਰਮੇਸ਼ੁਰ ਨੇ ਫ਼ਰਮਾਇਆ ਕਿ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ ਅਤੇ ਜਿਹੜਾ ਪਿਤਾ ਯਾ ਮਾਤਾ ਨੂੰ ਮੰਦਾ ਬੋਲੇ ਉਹ ਜਾਨੋਂ ਮਾਰਿਆ ਜਾਵੇ। ਪਰ ਤੁਸੀਂ ਆਖਦੇ ਹੋ ਭਈ ਜਿਹੜਾ ਪਿਤਾ ਯਾ ਮਾਤਾ ਨੂੰ ਕਹੇ ਕਿ ਜੋ ਕੁਝ ਮੇਰੇ ਕੋਲੋਂ ਤੈਨੂੰ ਲਾਭ ਹੋ ਸਕਦਾ ਸੀ ਸੋ ਕੁਰਬਾਨ ਹੋ ਗਿਆ, ਉਹ ਆਪਣੇ ਪਿਤਾ ਯਾ ਮਾਤਾ ਦਾ ਆਦਰ ਨਾ ਕਰੇ। ਐਉਂ ਤੁਸਾਂ ਆਪਣੀ ਰੀਤ ਨਾਲ ਪਰਮੇਸ਼ੁਰ ਦੇ ਬਚਨ ਨੂੰ ਅਕਾਰਥ ਕਰ ਦਿੱਤਾ (ਮੱਤੀ 15:3–6)।

ਮੈਂ ਪਹਿਲਾਂ ਜ਼ਿਕਰ ਕੀਤਾ ਸੀ, ਕਿ ਸ਼ੁਰੂ ਵਿਚ ਇਨ੍ਹਾਂ ਰੀਤੀਆਂ ਜਾਂ ਰੀਤਾਂ ਦਾ ਮਕਸਦ ਮੂਸਾ ਦੀ ਸ਼ਰ੍ਹਾ ਦੇ ਆਲੇ ਦੁਆਲੇ ਵਾੜ ਲਾਉਣਾ ਭਾਵ ਸਿੱਟਾ ਕੱਢਣ ਵਿਚ ਮਦਦ ਕਰਦਾ ਸੀ ਕਿ ਵਿਸਵਸਥਾ ਦਾ ਉਲੰਘਣ ਨਾ ਹੋਵੇ। ਪਰ ਵਕਤ ਬੀਤਣ ਦੇ ਨਾਲ ਨਾਲ ਨਵੇਂ ਨਿਯਮ ਮਿਲਾਏ ਜਾਣ ਤੇ ਉਨ੍ਹਾਂ ਦਾ ਸਬੰਧ ਬੁਨਿਆਦੀ ਨਸੀਹਤਾਂ ਤੋਂ ਹੱਟਦਾ ਗਿਆ ਅਤੇ ਅਖ਼ੀਰ ਵਿਚ ਉਹ ਰਹਿਤਾਂ ਉਨ੍ਹਾਂ ਹੁਕਮਾਂ ਦੇ ਬਿਲਕੁਲ ਉਲਟ ਹੋ ਗਈਆਂ।

**ਇਕ ਰੀਤ ਜੋ ਬੁਰੀ ਸੀ**

ਮਸੀਹ ਇਸ ਦੀਆਂ ਕਈ ਉਦਾਹਰਣਾਂ ਦੇ ਸਕਦਾ ਸੀ (ਮਰਕੁਸ 7:13), ਪਰ ਉਸਨੇ ਗੱਲ ਆਪਣੇ ਤਕ ਹੀ ਰੱਖੀ: ''ਕਿਉਂ ਜੋ ਪਰਮੇਸ਼ੁਰ ਨੇ[25] ਫ਼ਰਮਾਇਆ ਕਿ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ ਅਤੇ ਜਿਹੜਾ ਪਿਤਾ ਜਾਂ ਮਾਤਾ ਨੂੰ ਮੰਦਾ ਬੋਲੇ[26] ਉਹ ਜਾਨੋਂ ਮਾਰਿਆ ਜਾਵੇ'' (ਮੱਤੀ 15:4)। ਇਨ੍ਹਾਂ ਹੁਕਮਾਂ ਵਿੱਚੋਂ ਪਹਿਲਾ ਹੁਕਮ ਮੂਲ ਦਸ ਹੁਕਮਾਂ ਵਿੱਚੋਂ ਹੀ ਸੀ (ਕੂਚ 20:12; ਵਿਵਸਥਾਸਾਰ 5:16)। ਦੂਜਾ ਹੁਕਮ ਸ਼ਰ੍ਹਾ ਵਿਚ ਸੀ, ਜੋ ਵਧਦੀ ਗਈ ਸੀ ਅਤੇ ਲਾਗੂ ਕੀਤੀ ਗਈ ਸੀ (ਕੂਚ 21:17; ਲੇਵੀਆਂ ਦੀ ਪੋਥੀ 20:9)। ਇਹ ਦੋ ਹੁਕਮ ਕਿਸੇ ਆਦਮੀ ਦੇ ਆਪਣੇ ਮਾਤਾ ਪਿਤਾ ਨਾਲ ਸਕਾਰਾਤਮਕ ਅਤੇ ਨਕਾਰਾਤਮਕ ਪਹਿਲੂਆਂ ਨੂੰ ਸ਼ਾਮਿਲ ਕਰਦੇ ਸਨ ਕਿ ਉਹਦੇ ਲਈ ਆਪਣੇ ਪਿਤਾ ਅਤੇ ਮਾਤਾ ਦੇ ਆਦਰ ਕਰਨਾ ਅਤੇ ਉਨ੍ਹਾਂ ਦੀ ਦੇਖਭਾਲ ਕਰਨਾ ਜ਼ਰੂਰੀ ਸੀ। ਇਸ ਵਿਚ ਬਜ਼ੁਰਗ ਹੋਣ ਤੇ ਉਨ੍ਹਾਂ ਦੀਆਂ ਲੋੜਾਂ ਦਾ ਧਿਆਨ ਰੱਖਣਾ ਸ਼ਾਮਿਲ ਸੀ (ਵੇਖੋ ਕਹਾਉਤਾਂ 23:22; 1 ਤਿਮੋਥਿਉਸ 5:8)। ਉਸ ਨੂੰ ਅਜਿਹਾ ਕੁਝ ਨਹੀਂ ਕਰਨਾ ਸੀ, ਜਿਸ ਨਾਲ ਲੱਗੇ ਕਿ ਉਸ ਦਾ ਅਪਮਾਨ ਹੋ ਗਿਆ ਹੈ।

ਬਦਕਿਸਮਤੀ ਨਾਲ, ਇਨ੍ਹਾਂ ਹੁਕਮਾਂ ਦੀ ਉਡੀਕ ਕਰਦੇ ਹੋਏ ਕੁਝ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਸ਼ਾਮਿਲ ਕਰ ਦਿੱਤੀਆਂ ਗਈਆਂ ਸਨ। ਆਪਣੇ ਇਲਜ਼ਾਮ ਲਾਉਣ ਵਾਲਿਆਂ ਨੂੰ ਗਲਤ ਠਹਿਰਾਉਂਦੇ ਹੋਏ ਯਿਸੂ ਦੀਆਂ ਅੱਖਾਂ ਜ਼ਰੂਰ ਚਮਕ ਰਹੀਆਂ ਹੋਣਗੀਆਂ:

> ਤੁਸੀਂ ਪਰਮੇਸ਼ਰ ਦੇ ਹੁਕਮ ਨੂੰ ਚੰਗੀ ਤਰ੍ਹਾਂ ਟਾਲ ਦਿੰਦੇ ਹੋ ਤਾਂ ਜੋ ਆਪਣੀ ਰੀਤ ਨੂੰ ਕਾਇਮ ਰੱਖੋ। ਕਿਉਂਕਿ ਮੂਸਾ ਨੇ ਕਿਹਾ ਕਿ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ ਅਤੇ ਜਿਹੜਾ ਪਿਤਾ ਯਾ ਮਾਤਾ ਨੂੰ ਮੰਦਾ ਬੋਲੇ ਉਹ ਜਾਨੋਂ ਮਾਰਿਆ ਜਾਵੇ। ਪਰ ਤੁਸੀਂ ਆਖਦੇ ਹੋ, ਕੋਈ ਮਨੁੱਖ ਪਿਤਾ ਯਾ ਮਾਤਾ ਨੂੰ ਕਹੇ ਭਈ ਜੋ ਕੁਝ ਮੇਰੇ ਕੋਲੋਂ ਤੈਨੂੰ ਲਾਭ ਹੋ ਸੱਕਦਾ ਸੀ ਸੋ ਕੁਰਬਾਨ ਭਾਵ ਭੇਟ ਚੜ੍ਹਾ ਦਿੱਤਾ ਹੈ। ਤੁਸੀਂ ਫੇਰ ਉਹ ਨੂੰ ਉਹ ਦੇ ਪਿਤਾ ਯਾ ਮਾਤਾ ਲਈ ਕੁਝ ਨਹੀਂ ਕਰਨ ਦਿੰਦੇ। ਇਸ ਤਰਾਂ ਤੁਸੀਂ ਪਰਮੇਸ਼ੁਰ ਦੇ ਵਚਨ ਨੂੰ ਆਪਣੀ ਰੀਤ ਨਾਲ ਜਿਹੜੀ ਤੁਸੀਂ ਚਲਾਈ ਹੈ ਅਕਾਰਥ ਕਰਦੇ ਹੋ ਅਤੇ ਹੋਰ ਬਥੇਰੇ ਇਹੋ ਜਿਹੇ ਕੰਮ ਤੁਸੀਂ ਕਰਦੇ ਹੋ (ਮਰਕੁਸ 7:9–13)।

''ਕੁਰਬਾਨ'' ਅਰਾਮੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ''ਭੇਂਟ'' ਜਾਂ ''ਤੋਹਫ਼ਾ'' ਹੈ। ਕੋਈ ਵੀ ਯਹੂਦੀ ਸੁੱਖਣਾ ਸੁੱਖ ਸਕਦਾ ਸੀ ਕਿ ਉਸ ਕੋਲ ਰੱਖਿਆ ਇਕ ਭਾਗ ਖ਼ੁਦਾ ਨੂੰ ''ਕੁਰਬਾਨ'' ਜਾਂ ''ਭੇਂਟ'' ਹੈ। ਇਹ ਸਭ ਚੀਜ਼ਾਂ ਉਹਦੀ ਮੌਤ ਤਕ ਉਸਦੇ ਕੋਲ ਰਹਿ ਸਕਦੀਆਂ ਸਨ, ਬਾਅਦ ਵਿਚ ਇਹ ਹੈਕਲ ਦੀ ਜਾਇਦਾਦ ਬਣ ਜਾਣੀ ਹੁੰਦੀ ਸੀ। ਪਰ ਜਦ ਤਕ ਉਹ ਜੀਉਂਦਾ ਰਹਿੰਦਾ, ਤਦ ਤਕ ਇਹ ਜਾਇਦਾਦ ਅਛੂਤ ਮੰਨੀ ਜਾਂਦੀ ਸੀ।[27] ਯਿਸੂ ਮੁਤਾਬਕ ਜੇ ਕੋਈ ਆਦਮੀ ਸੁੱਖਣਾ ਸੁੱਖੇ ਤਾਂ ਫ਼ਰੀਸੀ ''ਉਸ ਨੂੰ ਆਪਣੇ ਪਿਤਾ ਜਾਂ ਆਪਣੀ ਮਾਤਾ ਲਈ ਕੁਝ ਕਰਨ ਦੇ *ਹੁਕਮ* ਨਹੀਂ ਦਿੰਦੇ ਸਨ।'' ਰੱਬੀਆਂ ਵਿਚ ਇਕ ਕਹਾਵਤ ਮਸ਼ਹੂਰ ਸੀ: ''ਮਾਤਾ ਪਿਤਾ ਨੂੰ ਮੁਸ਼ਕਿਲ ਤਾਂ ਹੈ, ਪਰ ਸ਼ਰ੍ਹਾ ਸਾਫ਼ ਦੱਸਦੀ ਹੈ, ਸੁੱਖਣਾ ਤਾਂ ਪੂਰੀ ਕਰਨੀ ਹੀ ਹੋਵੇਗੀ।''[28]

ਕਲਪਨਾ ਕਰੋ: ਇਕ ਆਦਮੀ ਅਤੇ ਇਕ ਔਰਤ ਆਪਣੇ ਬੇਟੇ ਦੇ ਘਰ ਪਹੁੰਚਦੇ ਹਨ। ਔਰਤ ਬੁਲਾ ਰਹੀ ਹੈ। ਆਦਮੀ ਬੇਦਰਦ ਲਗਦਾ ਹੈ। ਉਹ ਦਰਵਾਜ਼ਾ ਖੜਕਾਉਂਦੇ ਹਨ। ਜਦ ਉਨ੍ਹਾਂ ਦਾ ਬੇਟਾ ਦਰਵਾਜ਼ਾ ਖੋਲ੍ਹਦਾ ਹੈ, ਤਾਂ ਉਹ ਦੁਖੀ ਹੋ ਕੇ ਆਖਦੇ ਹਨ, ''ਸਾਡਾ ਸਭ ਕੁਝ ਲੁੱਟ ਗਿਆ ਹੈ।[29] ਹੁਣ ਤੁਸੀਂ ਹੀ ਸਾਡੀ ਆਸ ਹੋ। ਤੂੰ ਸਾਡੀ ਮਦਦ ਨਹੀਂ ਕਰੇਗਾ, ਤਾਂ ਸਾਨੂੰ ਭੀਖ ਮੰਗਣੀ ਪਵੇਗੀ, ਨਹੀਂ ਤਾ ਅਸੀਂ ਭੁੱਖੇ ਮਰ ਜਾਵਾਂਗੇ।'' ਜਵਾਨ ਮੁੰਡਾ ਉਨ੍ਹਾਂ ਵੱਲ ਭਾਵ ਆਪਣੇ ਮਾਤਾ ਪਿਤਾ ਵੱਲ ਜੋ

ਉਸ ਨੂੰ ਦੁਨੀਆ ਵਿਚ ਲਿਆਉਣ ਦੇ ਜ਼ਿੰਮੇਵਾਰ ਸਨ, ਜਿਨ੍ਹਾਂ ਨੇ ਉਸ ਨੂੰ ਬਚਪਨ ਤੋਂ ਪਾਲਿਆ ਅਤੇ ਵੱਡਾ ਕੀਤਾ ਸੀ, ਬੇਇੱਜ਼ਤੀ ਨਾਲ ਵੇਖਦਾ ਹੈ। ਉਹ ਉਸ ਨੂੰ ਆਖਦਾ ਹੈ, ''ਮਾਫ਼ ਕਰੋ, ਮੈਂ ਤੁਹਾਡੀ ਮਦਦ ਨਹੀਂ ਕਰ ਸਕਦਾ! ਮੈਂ ਤੁਹਾਡੇ ਬੁਢਾਪੇ ਲਈ ਕੁਝ ਪੈਸੇ ਰੱਖੇ ਹੋਏ ਸਨ, ਪਰ ਇਕ ਦਿਨ ਇਕ ਫ਼ਰੀਸੀ ਆਇਆ ਅਤੇ ਆਖਣ ਲੱਗਾ ਕਿ ਉਨ੍ਹਾਂ ਪੈਸਿਆਂ ਨੂੰ ਮੈਂ ਕੁਰਬਾਨ ਕਰਨ ਲਈ ਦੇ ਦਿਆਂ। ਇਸ ਲਈ ਇੱਥੋਂ ਚਲੇ ਜਾਓ! ਹੁਣ ਮੇਰੇ ਕੋਲ ਕੁਝ ਨਹੀਂ ਬਚਿਆ ਹੈ। ਆਪਣੇ ਲਈ ਕੋਈ ਹੋਰ ਰਾਹ ਭਾਲੋ ਅਤੇ ਫੇਰ ਇੱਥੇ ਮੰਗਣ ਲਈ ਨਾ ਆਉਣਾ!'' ਐਨਾ ਆਖ ਕੇ ਦਰਵਾਜ਼ਾ ਉਨ੍ਹਾਂ ਦੇ ਮੂੰਹ ਤੇ ਧੜੰਮ ਨਾਲ ਮਾਰਦਾ ਹੈ।

ਮੈਂ ਇਹੋ ਜਿਹੇ ਦ੍ਰਿਸ਼ ਵਿਖਾਉਣ ਤੋਂ ਵੀ ਘਬਰਾਉਂਦਾ ਹਾਂ। ਸਾਫ਼ ਤੌਰ ਤੇ, ਪ੍ਰਭੂ ਦੇ ਸਮੇਂ ਵਿਚ ਵੀ ਇਹੋ ਜਿਹੀਆਂ ਦੁਖੀ ਕਰਨ ਵਾਲੀਆਂ ਹੁੰਦੀਆਂ ਸਨ। ਯਿਸੂ ਨੇ ਇਲਜ਼ਾਮ ਦੇ ਕੇ ਇਸ ਭਾਗ ਨੂੰ ਇਸ ਤਰ੍ਹਾਂ ਖਤਮ ਕੀਤਾ, ''ਤੁਸਾਂ ਆਪਣੀ ਰੀਤ ਨਾਲ ਖੁਦਾ ਦੇ ਵਚਨ ਨੂੰ ਅਕਾਰਥ ਕਰ ਦਿੱਤਾ'' (ਮੱਤੀ 15:6)। ਮਰਕੁਸ ਮੁਤਾਬਕ ਉਸ ਨੇ ਹੋਰ ਕਿਹਾ ਕਿ ''ਹੋਰ *ਬਥੇਰੇ* ਇਹੋ ਜਿਹੇ ਕੰਮ ਤੁਸੀਂ ਕਰਦੇ ਹੋ''[30] (ਮਰਕੁਸ 7:13)।

### ਰੀਤਾਂ ਜੋ ਚੰਗੀਆ ਹਨ

ਇਹ ਧਿਆਨ ਦਵਾਉਣ ਦੇ ਲਹੀ ਮੈਨੂੰ ਇੱਥੇ ਰੁਕਣਾ ਹੋਵੇਗਾ ਕਿ ਰੀਤਾਂ ਭਾਵੇਂ ਮਨੁੱਖਾਂ ਰਾਹੀਂ ਬਣਾਈਆਂ ਗਈਆਂ ਕਿਉਂ ਨਾ ਹੋਣ, ਜ਼ਰੂਰੀ ਨਹੀਂ ਕਿ ਆਪਣੇ ਆਪ ਵਿਚ ਗਲ ਹੀ ਹੋਣ। ਬਾਈਬਲ ਵਿਚ ਖ਼ੁਦਾ ਦੇ ਲੋਕਾਂ ਦੇ ਪ੍ਰਭੂ ਦੀ ਮਨਜੂਰੀ ਨਾਲ ਮਨੁੱਖਾਂ ਦੀ ਰੀਤਾਂ ਵਿਚ ਵੀ ਭਾਗ ਲੈਣ ਦੀ ਉਦਾਹਰਣ ਮਿਲਦੀ ਹੇ। ਯਹੂਦੀ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਭਾਵ ਉਨ੍ਹਾਂ ਦੇ ਆਪੋ ਵਿਚ ਵਿਆਹਾਂ, ਜਨਾਜ਼ਿਆਂ ਅਤੇ ਇਹੋ ਜਿਹੇ ਹੋਰ ਪ੍ਰੋਗਰਾਮਾਂ ਵਿਚ ਯਿਸੂ ਦੇ ਭਾਗ ਲੈਣ ਤੇ ਵਿਚਾਰ ਕਰੋ। ਪ੍ਰੋਗਰਾਮਾਂ ਦੇ ਤਿਓਹਾਰ ਤੇ (ਯੂਹੰਨਾ 10:22), ਜੋ ਪੁਰਾਣੇ ਅਤੇ ਨਵੇਂ ਨੇਮਾਂ ਦੇ ਸਮਿਆਂ ਵਿਚ ਸ਼ੁਰੂ ਹੋਣ ਵਾਲੇ ਇਕ ਯਹੂਦੀ ਤਿਉਹਾਰ ਸੀ, ਮਸੀਹ ਦੀ ਮਜ਼ਦੂਰੀ ਤੋਂ ਵਿਚਾਰ ਕੋ।[31]

ਰੀਤ ਦੀ ਸਾਡੀਆਂ ਜ਼ਿੰਦਗੀਆਂ ਵਿਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਸ ਨਾਲ ਜ਼ਿੰਦਗੀ ਵਿਚ ਲਗਾਤਾਰ ਮਿਲਦੀ ਹੈ ਅਤੇ ਜ਼ਿੰਦਗੀ ਵਿਚ ਰੰਗ ਭਰ ਜਾਂਦੇ ਹਨ, ਜੋ ਇਨ੍ਹਾਂ ਦੇ ਬਿਨਾਂ ਅਧੂਰਾ ਲਗਦਾ ਹੈ। ਇਸੇ ਸਾਲਾਂ ਵਿਚ, ਸਮਾਜ ਸ਼ਾਸਤਰੀਆਂ ਨੇ ਜ਼ੋਰ ਦਿੱਤਾ ਹੈ, ਕਿ ਕਿਸੇ ਆਦਮੀ ਦੇ ਮਨੋਵਿਗਿਆਨੀਕ ਤੰਦਰੁਸਤੀ ਲਈ ''ਜੜ੍ਹਾਂ'' ਦਾ ਹੋਣਾ ਜ਼ਰੂਰੀ ਹੈ। ਲੋਕਾਂ ਦੇ ਕਿਸੇ ਸਮੂਹ ਨਾਲ ਭਵੇਂ ਉਹ ਮੰਡਲੀ ਹੀ ਹੋਵੇ, ਕੁਝ ਗੱਲਾਂ ਨੂੰ ਰਵਾਇਤੀ ਢੰਗ ਨਾਲ ਕਰਨ ਵਿਚ ਤਦ ਤਕ ਕੋਈ ਬੁਰਿਆਈ ਨਹੀਂ ਹੈ, ਜਦ ਤਕ ਖ਼ੁਦਾ ਦੀ ਰੀਤ ਦਾ ਉਲੰਘਣ ਨਹੀਂ ਕਰਦੀ।

### ਰੀਤਾਂ ਜੋ ਇਨਕਾਰ ਕਰਨ ਦੇ ਰੂਪ ਵਿਚ ਬੁਰੀ ਹੁੰਦੀਆਂ ਹਨ

ਇਸ ਵਿਚ ਅਸੀਂ ਇਸ ਸਵਾਲ ਤੇ ਵਾਪਸ ਆਉਂਦੇ ਹਾਂ ਕਿ ''ਕੋਈ ਰੀਤ ਗਲਤ ਕਦੋਂ ਹੁੰਦੀ ਹੈ?'' ਯਿਸੂ ਦਾ ਪਹਿਲਾ ਜਵਾਬ ਇਹੋ ਜਿਹੇ ਵਾਕ ਵਿਚ ਹੋ ਸਕਦਾ ਹੈ: ''ਜਦ ਉਹ ਰੀਤਾਂ ਖ਼ੁਦਾ ਦੇ ਹੁਕਮ ਨੂੰ ਉਲੰਘਣ ਕਰਦੀ ਹੈ।'' ਮਸੀਹ ਨੇ ਕਿਹਾ ਕਿ ਫ਼ਰੀਸੀ ਲੋਕ ਆਪਣੀ ਰੀਤਾਂ ਲਈ ਖ਼ੁਦਾ ਦੇ ਹੁਕਮ ਨੂੰ *ਤੋੜਦੇ ਸਨ* (ਮੱਤੀ 15:3), ਭਾਵ ਉਹ ਆਪਣੀ ਰੀਤ ਨੂੰ ਜਾਰੀ ਰੱਖਣ ਲਈ *ਇਸ ਨੂੰ ਟਾਲ* ਦਿੰਦੇ ਹਨ (ਮਰਕੁਸ 7:9), ਭਾਵ ਉਹ ਇਸ ਤਰ੍ਹਾਂ ਆਪਣੀ ਰੀਤ ਨਾਲ ਖ਼ੁਦਾ ਦੇ ਵਚਨ ਨੂੰ *ਅਕਾਰਥ ਕਰ ਦਿੰਦੇ* ਹਨ (ਮੱਤੀ 15:6; ਮਰਕੁਸ 7:13)। ਪ੍ਰਭੂ ਨੇ ਫ਼ਰੀਸੀਆਂ ਨੂੰ ''ਕਪਟੀ'' ਆਖਿਆ (ਮੱਤੀ 15:7; ਮਰਕੁਸ 7:6) ਕਿਉਂਕਿ ਉਹ ਚੇਲਿਆਂ ਤੇ ਤਾਂ ''ਵੱਡਿਆਂ ਦੀ ਰੀਤ'' ਦਾ ਪਾਲਣ ਨਾ ਕਰਨ ਦਾ ਇਲਜ਼ਾਮ ਲਾ ਰਹੇ ਸਨ, ਪਰ ਆਪ ''*ਖ਼ੁਦਾ* ਦੇ ਹੁਕਮ ਨੂੰ ਤੋੜ ਰਹੇ ਸਨ''!

ਧਾਰਮਿਕ ਤੌਰ ਤੇ ਮੈਨੂੰ ਆਪਣੇ ਹੀ ਬਾਰੇ ਸੋਚਣ ਦੀ ਗੱਲ ਸਿਖਾਈ ਗਈ ਸੀ। ਇਸ ਦੇ ਇਲਾਵਾ, ਮੈਂ ਅਮਰੀਕਾ ਦੇ ਉਸ ਭਾਗ ਵਿਚ ਪਲਿਆ ਅਤੇ ਵੱਡਾ ਹੋਇਆ, ਜਿੱਥੇ ਆਮ ਤੌਰ ਤੇ ਅਜ਼ਾਦ ਸੋਚ ਨੂੰ ਉਤਸ਼ਾਹਿਤ ਕੀਤਾ ਜਾਂਦਾ ਸੀ। ਇਸ ਲਈ ਮੈਨੂੰ ਫ਼ਰੀਸੀਆਂ ਨੂੰ ਆਖੀ ਗਈ ਯਿਸੂ ਦੀ ਗੱਲ ਆਸਟ੍ਰੇਲੀਆ ਵਿਚ ਇਹ ਸਾਲ ਖ਼ਤਮ ਹੋਣ ਤੇ ਪਹਿਲਾ ਪੂਰੀ ਤਰ੍ਹਾਂ ਨਾਲ ਸਮਝ ਨਹੀਂ ਆਈ ਸੀ, ਜਿੱਥੇ ਜ਼ਿਆਦਾਤਰ ਕਲੀਸੀਆਵਾਂ ਲਗਭਗ ਪੂਰੀ ਤਰ੍ਹਾਂ ਨਾਲ ਰੀਤਾਂ ਵਿਚ ਬੰਨ੍ਹੀਆਂ ਹੋਈਆਂ ਸਨ (ਅਤੇ ਹਨ)।[32] ਇਹ ਡਿਨੋਮੀਨਸ਼ੇਨ ਵਾਲੀ ਕਲੀਸੀਆ ਦੇ ਉਸ ਇਖ਼ਤਿਆਰ ਦੀਆ ਰੀਤਾਂ ਦਾ ਪਾਲਣ ਕਰਦੀ ਹੈ, ਜੋ ਬਾਈਬਲ ਦੇ ਇਖ਼ਤਿਆਰ ਨੂੰ ਕਮਜ਼ੋਰ ਕਰਦਾ ਹੈ (ਪੜ੍ਹੋ 2 ਤਿਮੋਥਿਉਸ 3:16, 17); ''ਬੱਚਿਆਂ ਦਾ ਬਪਤਿਸਮਾ'' ਜੋ ਬਪਤਿਸਮੇ ਤੇ ਬਾਈਬਲ ਦੀ ਸਿੱਖਿਆ ਨੂੰ ਰੱਦਦਾ ਹੈ (ਮਰਕੁਸ 16:15, 16) ਦੀ ਰੀਤ, ''ਖ਼ਾਸ ਦਿਨਾਂ'' ਦੀਆਂ ਰੀਤਾਂ, ਜੋ ਵਿਹਾਰਕ ਤੌਰ ਤੇ ਮਸੀਹੀ ਸਭਾ ਨਾ ਛੱਡਣ ਦੇ ਹੁਕਮ ਨੂੰ ਰੱਦ ਕਰ ਦਿੰਦੀ ਹੈ (ਇਬਰਾਨੀਆਂ 10:25) ਅਤੇ ਹੋਰ ਅਜਿਹੀਆਂ ਕਈ ਗੱਲਾਂ ਹਨ। ਜੇ. ਡਬਲਯੂ. ਮੈਕਗਵੇ ਨੇ ਲਿਖਿਆ ਹੈ ''*[ਖ਼ੁਦਾ ਦੀ ਪਰਗਟ ਇੱਛਾ ਵਿਚ]* ਇਕ ਵੀ ... ਜੋੜ ਜਾਂ ਸੁਧਾਰ ਨਹੀਂ ਹੋਵੇਗਾ, ਜਿਸ ਨਾਲ ਕੋਈ ਹੁਕਮ ਘੱਟ ਜਾਂ ਵੱਧ ਨਾ ਹੁੰਦਾ ਹੋਵੇ।[33]

## ਸਾਰ

ਇਸ ਵਿਚ ਜ਼ਿਆਦਾਤਰ ਲੋਕ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਮਨੁੱਖ ਦੀ ਬਣਾਈ ਕੋਈ ਵੀ ਰੀਤ ਜੋ ਕਿਸੇ ਲਈ ਖ਼ੁਦਾ ਦੇ ਹੁਕਮ ਤੋੜਨ ਦਾ ਕਾਰਣ ਬਣਦੀ ਹੈ, ਗ਼ਲਤ ਹੈ। ਪਰ ਯਿਸੂ ਨੇ ਇਹ ਦਾਅਵਾ ਪੂਰਾ ਨਹੀਂ ਕੀਤਾ ਸੀ। ਅਗਲੇ ਸਰਮਨ ਵਿਚ ਸਾਡਾ ਅਧਿਐਨ ਹੋਰ ਵੀ ਨਿੱਜੀ ਹੋਵੇਗਾ, ਜਿਸ ਵਿਚ ਇਹ ਪੱਕਾ ਕਰਨ ਲਈ ਕਿ ਕੋਈ ਰੀਤ ਚੰਗੀ ਹੈ ਜਾਂ ਬੁਰੀ ਮਸੀਹ ਵੱਲੋਂ ਦਿੱਤੀ ਗਈ ਕਸੌਟੀ ਦੀ ਗੱਲ ਕਰਾਂਗੇ।

ਜੇ ਤੁਹਾਨੂੰ ਇਸ ਸਰਮਨ ਤੋਂ ਕੁਝ ਨਹੀਂ ਮਿਲਦਾ, ਤਾਂ ਵੀ ਮੈਨੂੰ ਆਸ ਹੈ ਕਿ ਤੁਸੀਂ ਇਸ ਮਹਾਨ ਸਚਿਆਈ ਨੂੰ ਸਮਝ ਗਏ ਹੋ ਕਿ *ਅਸੀਂ ਖ਼ੁਦਾ ਦੇ ਹੁਕਮਾਂ ਦਾ ਪਾਲਣ ਕਰਨ ਵਿਚ ਕਿਸੇ ਵੀ ਗੱਲ ਨੂੰ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ।* ਜੇ ਤੁਸੀਂ ਅਜੇ ਮਸੀਹੀ ਨਹੀਂ ਹੋ, ਤਾਂ ਮੇਰੀ ਦੁਆ ਹੈ ਕਿ ਤੁਸੀਂ ਇਨ੍ਹਾਂ ਸਾਫ਼ ਹੁਕਮਾਂ ਦਾ ਪਾਲਨ ਕਰੋ: ਯਿਸੂ ਵਿਚ ਵਿਸ਼ਵਾਸ ਕਰੋ, ਆਪਣੇ ਪਾਪਾਂ ਤੋਂ ਤੌਬਾ ਕਰੋ, ਆਪਣੇ ਵਿਸ਼ਵਾਸ ਦਾ ਇਕਰਾਰ ਕਰੋ ਅਤੇ ਪ੍ਰਭੂ ਵਿਚ ਬਪਤਿਸਮਾ (ਡੁਬਕੀ) ਲੈ (ਯੂਹੰਨਾ 3:16; ਰਸੂਲਾਂ ਦੇ ਕੰਮ 17:30; ਰੋਮੀਆਂ 10:9, 10; ਰਸੂਲਾਂ ਦੇ ਕੰਮ 2:38; ਗਲਾਤੀਆਂ 3:26, 27)। ਜੇ ਤੁਸੀਂ ਆਪਣੇ ਵਿਸ਼ਵਾਸ ਦੇ ਕਾਬਲ ਹੋ, ਤਾਂ ਮੈਂ ਤੁਹਾਨੂੰ ਆਪਣੇ ਉਸ ਪਹਿਲੇ ਪਿਆਰ ਵਿਚ ਮੁੜ ਆਉਣ ਦੀ ਬੇਨਤੀ ਕਰਦਾ ਹਾਂ (ਗਲਾਤੀਆਂ 6:1; ਯਾਕੂਬ 5:19, 20; ਰਸੂਲਾਂ ਦੇ ਕੰਮ 8:22; ਯਾਕੂਬ 5:16)।

ਸ਼ੈਤਾਨ ਨੇ ਇਹ ਝੂਠ ਕਿਹਾ ਹੋ ਸਕਦਾ ਹੈ ਕਿ ਪ੍ਰਭੂ ਕੋਲ ਆਉਣ ਦੇ ਬਹੁਤ ਸਾਰੇ ਰਾਹ ਹਨ, ਪਰ ਯਿਸੂ ਆਖਦਾ ਹੈ, ''ਰਾਹ ... ਮੈਂ ਹੀ ਹਾਂ'' (ਯੂਹੰਨਾ 14:6)।[34] ਖ਼ੁਦਾ ਦੇ ਮੰਨਣ ਯੋਗ ਵਚਨ ਦੀ ਥਾਂ ਮਨੁੱਖਾਂ ਦੀ ਸਿੱਖਿਆ ਨੂੰ ਨਾ ਦਿਓ!

## ਨੋਟਸ

ਪਰੰਪਰਾ ਤੇ ਯਿਸੂ ਦੀ ਸਿੱਖਿਆ ਦੇ ਮਰੇ ਸੰਖੇਪ ਵਿਚ ਜਾਣ ਦੀ ਕੋਸ਼ਿਸ਼ ਦੇ ਕਾਰਣ, ਇਹ ਸਰਮਨ ਦੇ ਭਾਗਾਂ ਵਿਚ ਵੰਡਿਆ ਗਿਆ ਹੈ। ਤੁਸੀਂ ਇਸ ਨੂੰ ਇਵੇਂ ਹੀ ਛੱਡ ਸਕਦੇ ਹੋ, ਸ਼ਾਇਦ ਇਕ ਭਾਗ ਨੂੰ ਐਤਵਾਰ ਸਵੇਰੇ ਪ੍ਰਚਾਰ ਕਰਨ ਲਈ ਅਤੇ ਦੂਜੇ ਭਾਗ ਨੂੰ ਸ਼ਾਮ ਨੂੰ। ਤੁਸੀਂ ਚਾਹੋ ਤਾਂ ਇਹ ਜ਼ੋਰ ਦਿੰਦੇ ਹੋਏ ਕਿ ਤੁਹਾਡੇ ਸੁਣਨ ਵਾਲੇ ਸਭ ਤੋਂ ਵੱਧ ਢੁਕਵਾਂ ਕੀ ਹੈ, ਦੋਹਾਂ ਦਾ ਇਕ ਸੰਦੇਸ਼ ਬਣ ਸਕਦਾ ਹੈ।

ਆਪਣੀ ਪੇਸ਼ਕਸ਼ ਦੇ ਭਾਗ ਲਈ ਤੁਹਾਨੂੰ ਚਾਹੀਦਾ ਹੈ ਕਿ ਪਰੰਪਰਾ ਅਤੇ ਸਚਿਆਈ ਵਿਚ ਫ਼ਰਕ ਕਰਨ ਵਾਲੇ ਚਾਰਟ ਦੀ ਵਰਤੋਂ ਕਰੋ। ਸ਼ੁਰੂ ਕਰਨ ਲਈ (ਕਈ ਸਰੋਤਾਂ ਤੋਂ ਲਏ ਗਏ ) ਕੁਝ ਵਿਚਾਰ ਇਸ ਤਰ੍ਹਾਂ ਹਨ:

ਮਨੁੱਖ ਦੀ **ਰੀਤ** (ਜਦ ਇਸ ਦੀ ਦੁਰਵਰਤੋਂ ਹੁੰਦੀ ਹੈ)
ਲੋਕਾਂ ਨੂੰ ਭਾਉਂਦੀ ਹੈ (ਵੇਖੋ ਗਲਾਤੀਆਂ 1:14)
ਬਾਹਰੀ ਰੂਪ ਤੇ ਜ਼ੋਰ ਦਿੰਦੀ ਹੈ।
ਦਿਖਾਵਟੀ ਹੈ
ਕਰਮਕਾਂਡ ਤੇ ਜ਼ੋਰ ਦਿੰਦੀ ਹੈ।
ਫ਼ਜ਼ੂਲ ਗੱਲਾਂ ਨੂੰ ਜਨਮ ਦਿੰਦੀ ਹੈ
ਵਚਨ ਦੀ ਥਾਂ ਲੈ ਲੈਂਦੀ ਹੈ
ਗੁਲਾਮੀ ਵਿਚ ਲਿਆਉਂਦੀ ਹੈ

ਖ਼ੁਦਾ ਦੀ **ਸੱਚਾਈ** (ਵਰਤੋਂ ਹੋਣ ਤੇ)
ਖ਼ੁਦਾ ਨੂੰ ਭਾਉਂਦੀ ਹੈ
ਮਨ ਤੇ ਜ਼ੋਰ ਦਿੰਦੀ ਹੈ
ਸ਼ੁਰੂਆਤੀ ਹੈ
ਧਾਰਮਿਕਤਾ ਤੇ ਜ਼ੋਰ ਦਿੰਦੀ ਹੈ
ਜ਼ਿੰਦਗੀ ਬਦਲ ਦਿੰਦੀ ਹੈ
ਵਚਨ ਨੂੰ ਉੱਪਰ ਚੁੱਕਦੀ ਹੈ
ਅਜ਼ਾਦੀ ਦਿਖਾਉਂਦੀ ਹੈ (ਯੂਹੰਨਾ 8:31, 32)

---

ਟਿੱਪਣੀਆਂ

[1]ਪਿਛਲੇ ਪਾਠ ਦੇ ਬਾਅਦ ਦਿੱਤੇ ਗਏ ਨੋਟਸ ਵਿਚ ਹੋਰ ਤਰੀਕਿਆਂ ਦੀ ਰੂਪਰੇਖਾ ਦਿੱਤੀ ਗਈ ਹੈ। [2]ਕਲੀਸੀਆ ਦੇ ਇਤਿਹਾਸ ਦਾ ਪੁਰਾਣਾ ਵਿਦਿਆਰਥੀ ਰੱਬੀ ਹੋਣ ਦੇ ਕਾਰਣ ਜਾਣਦਾ ਹਾਂ ਕਿ ਪੁਰਾਣੀਆਂ ਰੀਤਾਂ ਦੀ ਬੁਰਿਆਈ ਕਰਨ ਵਾਲੇ ਲੋਕ ਨਵੇਂ ਤਰੀਕੇ ਨੂੰ ਲਾਗੂ ਕਰਨ ਵਿਚ ਲੱਗੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਕੱਟੜ ਆਦਮੀ ਵਾਂਗ ਹੀ ਆਪਣੇ ਵਿਚਾਰਾਂ ਦੇ ''ਸਹੀ'' ਹੋਣ ਤੇ ਜ਼ਿੱਦੀ ਮੰਨਿਆ ਜਾ ਸਕਦਾ ਹੈ। [3]ਇਹ ਪੰਜ ਹਜ਼ਾਰ ਨੂੰ ਖੁਆਉਣ ਅਤੇ ਪਾਣੀ ਉੱਤੇ ਚੱਲਣ ਦੇ ਮੋਅਜਜ਼ਿਆਂ ਦੇ ਥੋੜ੍ਹੀ ਦੇਰ ਬਾਅਦ ਵਿਚ ਹੋਇਆ ਸੀ (ਮੱਤੀ 14:15–33); ਯੂਹੰਨਾ 6:17, 59 ਸੰਕੇਤ ਦਿੰਦਾ ਹੈ ਕਿ ਯਿਸੂ ਇਨ੍ਹਾਂ ਮੋਅਜਜ਼ਿਆਂ ਦੇ ਬਾਅਦ ਕਫ਼ਰਨਾਹੂਮ ਵਿਚ ਸੀ। [4]ਇਹ ਵੇਰਵਾ ਆਪਣੇ ਆਪ ਵਿਚ ਆਪਣੀ ਵਿਆਖਿਆ ਆਪ ਕਰਨ ਵਾਲਾ ਹੈ: ਜਦ ਕੋਈ ਖ਼ਤਰਨਾਕ ਜਾਨਵਰ ਕਿਸੇ ਦੂਜੇ ਜਾਨਵਰ ਨੂੰ ਮਾਰਨਾ ਚਾਹੁੰਦਾ ਹੈ, ਤਾ ਉਹ ਆਪਣੇ ਸ਼ਿਕਾਰ ਨੂੰ ਗਲਿਓਂ ਹੀ ਫੜ੍ਹਦਾ ਹੈ। [5]ਇਹ ਨਿਚੋੜ ਇਨ੍ਹਾਂ ਸਚਿਆਈਆਂ ਦੇ ਅਧਾਰ ਤੇ ਕੱਢਿਆ ਗਿਆ ਹੈ ਕਿ (1) ਫ਼ਰੀਸੀ ਉਸ ਦੇ ਕਤਲ ਦਾ ਬਹਾਨਾ ਲੱਭ ਰਹੇ ਸਨ (ਵੇਖੋ ਯੂਹੰਨਾ 5:18; 7:1) ਅਤੇ (2) ਇਹ ਫ਼ਰੀਸੀ ਉਸ ਦੇ ਇਲਜ਼ਾਮ ਲਾਉਣ ਦੀ ਖ਼ਾਤਿਰ ਯਰੂਸ਼ਲਮ ਤੋਂ ਚੱਲ ਕੇ ਆਏ ਸਨ। ਆਰ. ਸੀ. ਫ਼ੋਸਟਰ ਨੇ ਉਨ੍ਹਾਂ ਨੂੰ ''ਸ਼ੌਕ ਟਰੁਪਸ ਫ਼ਰਾਮ ਦ ਕੈਪੀਟਲ'' ਆਖਿਆ ਹੈ (*ਸਟੱਡੀਜ਼ ਇਨ ਦ ਲਾਈਫ਼ ਆਫ਼ ਕ੍ਰਾਈਸਟ* [ਗ੍ਰੈਂਡ ਰੈਪਿਡਜ਼, ਮਿਸ਼ਿਗਨ: ਬੇਕਰ ਬੁੱਕ ਹਾਊਸ, 1971], 664)। [6]*ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਤੂਫ਼ਾਨ ਦਾ ਜਮ੍ਹਾ ਹੋਣਾ'' ਪਾਠ

ਦੀ ਸਮੀਖਿਆ ਕਰੋ। ਯਿਸੂ ਦੇ ਦੁਸ਼ਮਣਾਂ ਦੇ ਦੂਜੇ ਇਲਜ਼ਾਮ ਲਾ ਕੇ ਵੀ ਕੋਸ਼ਿਸ਼ ਕੀਤੀ ਸੀ, ਪਰ ਉਹ ਕਾਮਯਾਬ ਨਹੀਂ ਹੋਏ ਸਨ। [7]ਮਿਸ਼ਰਤ ਯੂਨਾਨੀ ਸ਼ਬਦ ***paradosis*** ਹੈ। ***para*** ਇਕ ਪੂਰਵਸਰਗ ਹੈ, ਜਿਸਦਾ ਅਰਥ ਆਮ ਤੌਰ ਤੇ ''ਨਾਲ'' ਹੁੰਦਾ ਹੈ, ਜਦ ਕਿ ***dosis*** ਦਾ ਅਰਥ ਬੁਨਿਆਦੀ ਤੌਰ ਤੇ ''ਦੇਣਾ (ਜਾਂ ਬਦਲਣਾ) '' ਹੈ। ਯੂਨਾਨੀ ਵਿਦਵਾਨਾਂ ਮੁਤਾਬਕ *ਪੈਰਾ* ਅਤੇ *ਡੌਸਿਸ* ''ਜੋ ਦੂਜਿਆਂ ਦੇ ਸਪੁਰਦ ਕੀਤਾ ਗਿਆ ਹੈ'' ਦਾ ਅਰਥ ਦਿੰਦਾ ਹੈ (ਡਬਲਯੂ. ਈ. ਵਾਈਨ ਦੇ ਨਾਲ ਜੇਮਜ਼ ਏ. ਸਵੈਨਸਨ, *ਦ ਐਕਸਪੈਂਡਡ ਵਾਈਨ'ਜ਼ ਡਿਕਸ਼ਨਰੀ ਅਫ਼ਨਿਊ ਟੈਸਟਾਮੈਂਟ ਵਰਡਜ਼,* ਸੰਪਾ., ਕੋਹਲੈਂਬਰਗਰ III [ਮਿਨਿਆਪੁਲਿਸ: ਬੈਥਨੀ ਹਾਊਸ ਪਬਲਿਸ਼ਿੰਗ, 1984], 1159–60.) ਮਰਕੁਸ 7:13 ਵਿਚ ਇਹ ਸ਼ਬਦ ਨਾਉਂ ਅਤੇ ਕਿਰਿਆ ਦੋਹਾਂ ਰੂਪਾਂ ਦੀ ਵਰਤੋਂ ਕੀਤੀ ਗਈ ਹੈ। NASB ਵਿਚ ਆਇਤ ਦੇ ਇਸ ਭਾਗ ਦਾ ਅਨੁਵਾਦ ''ਤੁਹਾਡੀ ਰੀਤ ਜੋ ਤੁਸਾਂ ਦਿੱਤੀ ਹੈ'' ਹੈ। [8]ਐਡਗਰ ਜੇ ਗੁੱਡਸਪੀਡ ਐਂਡ ਜੇ. ਐੱਮ ਪੋਵਿਸ ਸਮਿੱਥ, *ਦ ਸ਼ੌਰਟ ਬਾਈਬਲ: ਐਨ ਅਮੈਰੀਕਨ ਟ੍ਰਾਂਸਲੇਸ਼ਨ* (ਨਿਊ ਯਾਰਕ: ਮਾਡਰਨ ਲਾਇਬ੍ਰੇਰੀ, 1933), 347. [9]ਇਸ ਕਿਤਾਬ ਵਿਚ ਪਹਿਲਾਂ ਆਇਆ ਪਾਠ ''ਕੀ ਤੈਨੂੰ ਨਿਹਚਾ ਹੈ?'' ਵੇਖੋ [10]ਮੱਤੀ 19:3–9 ਦਾ ਅਧਿਐਨ ਕਰਦੇ ਸਮੇਂ ਅਸੀਂ ਇਨ੍ਹਾਂ ਦੋ ਬਦਿਆਂ ਭਾਵ ਹਿਲੇਲ ਅਤੇ ਸ਼ੰਮਾਇ ਤੇ ਸੰਖੇਪ ਵਿਚ ਚਰਚਾ ਕਰਾਂਗੇ।

[11]ਇਹ ਰੀਤਾਂ ਮਿਸ਼ਨਾ (ਜਾਂ ਮਿਸ਼ਨਾਹ) ਨਾਮਕ ਕਿਤਾਬ ਵਿਚ ਤੀਜੀ ਸਦੀ ਵਿਚ ਜਮ੍ਹਾ ਕੀਤੀ ਗਈ ਸੀ। ਤੀਜੀ ਸਦੀ ਦੇ ਅਖ਼ੀਰ ਤਕ ਇਸ ਨੂੰ ਤਾਲਮੁਡ ਨਾਮਕ ਕਿਤਾਬ ਸੰਗ੍ਰਿਹ ਵਿਚ ਵੱਡੀ ਜਿਲਦ ਨਾਲ ਵਧਾਇਆ ਗਿਆ ਸੀ। ਤਾਲਮੁਡ ਨੂੰ ਅੱਜ ਵੀ ਯਹੂਦੀ ਰੱਬੀਆਂ ਵੱਲੋਂ ਅਧਿਕਾਰਤ ਮੰਨਿਆ ਜਾਂਦਾ ਹੈ। [12]ਬੇਸ਼ੱਕ ਇਹ ਸੱਚ ਨਹੀਂ ਸੀ। ਬਹੁਤ ਸਾਰੇ ਧਾਰਮਿਕ ਗੁੱਟ ਅੱਜ ਇਹ ਆਖ ਕੇ ਕਿ ਉਨ੍ਹਾਂ ਨੂੰ ਰਸੂਲਾਂ ਵੱਲੋਂ ਸਿਖਾਇਆ ਗਿਆ ਸੀ ਅਤੇ ਸਦੀਆਂ ਪੁਰਾਣੀ ''ਕਲੀਸੀਆ ਦੀ'' ਰੀਤ ਉਨ੍ਹਾਂ ਨੂੰ ਦਿੱਤੀ ਗਈ ਸੀ, ਮਨੁੱਖਾਂ ਦੀਆਂ ਬਣਾਈਆਂ ਰੀਤਾਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੇ ਹੋਏ ਇਹ ਦਾਅਵਾ ਕਰਦੇ ਹਨ। [13]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜੀਸ਼ਨ ਕਮੈਂਟਰੀ,* ਜਿਲਦ 1 (ਵ੍ਹੀਟਨ, ਇਲਿਨੋਇਸ: ਵਿਕਟਰ ਬੁੱਕਸ, 1989), 134. [14]ਉਦਾਹਰਣ ਲਈ ਲੇਵੀਆਂ ਦੀ ਪੋਥੀ 15:5–8, 10–12 ਪੜ੍ਹੋ। ਇਕ ਹੋਰ ਉਦਾਹਰਣ ਯਾਜਕਾਂ ਵੱਲੋਂ ਹੱਥ ਪੈਰ ਧੋਣ ਅਤੇ ਤੰਬੂ ਵਿਚ ਦਾਖਿਲ ਹੋਣ ਤੋਂ ਪਹਿਲਾਂ ਨਹਾਉਣ ਦੀ ਹੈ (ਕੂਚ 30:19; 40:12)। [15]ਮੱਤੀ 23 ਅਧਿਆਇ ਵਿਚ ਯਿਸੂ ਨੇ ਫ਼ਰੀਸੀਆਂ ਤੇ ''ਭਾਰੇ ਬੋਝ ... ਮਨੁੱਖਾਂ ਦਿਆਂ ਮੋਢਿਆਂ ਉੱਤੇ'' ਪਾਉਣ ਦਾ ਇਲਜ਼ਾਮ ਲਾਇਆ (ਆਇਤ 4)। ਇਹ ਆਖਦੇ ਸਮੇਂ ਮਸੀਹ ਦੇ ਮਨ ਵਿਚ ਇਹ ਬੋਝ ਵਾਲੀਆਂ ਰੀਤਾਂ ਹੋਣਗੀਆਂ। [16]ਫ਼ਰੀਸੀਆਂ ਦਾ ਪ੍ਰਭਾਵ ਇਵੇਂ ਹੀ ਸੀ ਕਿ ਇਹ ਰੀਤਾਂ ਯਹੂਦੀਆਂ ਲੋਕਾਂ ਦੀ ਦਿਲਚਸਪੀ ਦਾ ਭਾਗ ਹੀ ਬਣ ਗਈਆਂ। [17]NASB ਵਾਲੀ ਮੇਰੀ ਬਾਈਬਲ ਦੇ ਵਿਚਕਾਰਲੇ ਕਾਲਮ ਵਿਚ ਇਹ ਪਰਿਭਾਸ਼ਾ ਦਿੱਤੀ ਗਈ ਹੈ। [18]ਐਲਫ੍ਰੇਡ ਐਡਰਸ਼ੇਮ, *ਦ ਲਾਈਫ਼ ਐਂਡ ਟਾਈਮਜ਼ ਆਫ਼ ਜੀਜ਼ਸ ਦ ਮਸਾਯਾਹ,* ਨਿਊ ਅਪਡੇਟਡ ਵਰਜ਼ਨ [ਪੀਬੌਡੀ, ਮੈਸਾਚੁਏਟਸ: ਹੈਂਡਰਿਕਸਨ ਪਬਲਿਸ਼ਰਜ਼, 1993], 482. [19]ਯੂਨਾਨੀ ਸ਼ਬਦ ਦੇ ਅਨੁਵਾਦ 'ਧੋਣਾ'' ਲਈ ਮੂਲ ਸ਼ਬਦ ਦਾ ਅਰਥ ''ਬਪਤਿਸਮਾ ਦੇਣਾ'' ਜਾਂ ''ਡੁਬਕੀ ਦੇਣ'' ਹੈ। [20]ਉਹ ਵੀ ਸੰਭਵ ਹੈ ਕਿ ਫ਼ਰੀਸੀਆਂ ਨੂੰ ਖਬਰ ਮਿਲੀ ਸੀ ਕਿ ਯਿਸੂ ਨੇ ਪੰਜ ਹਜ਼ਾਰ ਲੋਕਾਂ ਨੂੰ ਬਿਨਾਂ ਹੱਥ ਧੋਤੇ ਖਾਣਾ ਖਾਣ ਦਾ ਹੁਕਮ ਦਿੱਤਾ ਸੀ। ਪੰਜ ਹਜ਼ਾਰ ਨੂੰ ਖੁਆਉਣ ਦੀ ਘਟਨਾ ਇਸ ਘਟਨਾ ਤੋਂ ਥੋੜ੍ਹੀ ਦੇਰ ਪਹਿਲਾਂ ਵਾਪਰੀ ਸੀ।

[21]''ਰੀਤ'' ਤੋਂ ਮੇਰਾ ਮਤਲਬ ''ਮੁਨੱਖਾਂ ਦੀ ਰੀਤ ਹੈ।'' ਇਹ ਮੁੱਖ ਪੁਆਇੰਟ ਅਤੇ ਅਗਲੇ ਸੰਦੇਸ਼ ਤੇ ਦੋ ਮੁੱਖ ਪੁਆਇੰਟ ਕੁਝ ਹੱਦ ਤਕ ਇਕ ਦੂਜੇ ਨੂੰ ਝਿੜਕਦੇ ਹਨ, ਪਰ ਵੱਖਰੇ ਰੂਪ ਨਾਲ ਧਿਆਨ ਦੁਆਉਣ ਨਾਲ ਹਰ ਇਕ ਦਾ ਮਹੱਤਵ ਹੈ। [22]ਉਸ ਨੇ ਉਨ੍ਹਾਂ ਨੂੰ ਕਪਟੀ ਆਖਿਆ (ਮੱਤੀ 15:7)। ਉਸ ਦੀ ਮੁੱਖ ਦਿਲਚਸਪੀ ਇਸ ਗੱਲ ਵਿਚ ਨਹੀਂ ਸੀ ਕਿ ਉਨ੍ਹਾਂ ਨੂੰ ਬੁਰਾ ਲੱਗੇ ਜਾਂ ਨਹੀਂ (ਮੱਤੀ 15:12–14)। [23]ਬਾਅਦ ਵਿਚ ਉਸ ਨੇ ਉਸ ਭੀੜ ਦੇ ਭਲੇ ਲਈ ਜੋ ਇਹ ਵੇਖ ਅਤੇ ਸੁਣ ਰਹੀ ਸੀ, ਇਸ ਇਲਜ਼ਾਮ ਦਾ ਕੁਝ ਹੱਦ ਤਕ ਜਵਾਬ ਦਿੱਤਾ (ਮੱਤੀ 15:10, 11; ਮਰਕੁਸ 7:14–16); ਪਰ ਫ਼ਰੀਸੀਆਂ ਤੋਂ ਸਿੱਧੀ ਗੱਲ ਕਰਦੇ ਸਮੇਂ ਉਸ ਨੇ ਇਵੇਂ ਨਹੀਂ ਕੀਤਾ। [24]ਮੱਤੀ ਨੇ ਪਹਿਲਾਂ ਯਿਸੂ ਦਾ ਇਲਜ਼ਾਮ ਅਤੇ ਫਿਰ ਯਸਾਯਾਹ ਵਿੱਚੋਂ ਯਿਸੂ ਬਾਰੇ ਹਵਾਲਾ

ਲਿਖਿਆ। ਮਰਕੁਸ ਨੇ ਇਸ ਤਰਤੀਬ ਨੂੰ ਉਲਟਾ ਕਰ ਦਿੱਤਾ। ਤਰਤੀਬ ਦਾ ਮਹੱਤਵ ਨਹੀਂ ਸੀ। ਇਸ ਤਰ੍ਹਾਂ ਦੇ ਥੋੜ੍ਹੇ ਬਹੁਤ ਫ਼ਰਕ ਅਜ਼ਾਦ ਗਵਾਹਾਂ ਵਿਚ ਹੋਣੇ ਸੁਭਾਵਿਕ ਹਨ। [25]ਮਰਕੁਸ ਨੇ ਲਿਖਿਆ, ''ਕਿਉਂਕਿ ਮੂਸਾ ਨੇ ਕਿਹਾ ...'' (ਮਰਕੁਸ 7:10)। ਇਹ ਇਕ ਹੋਰ ਸਬੂਤ ਹੈ ਕਿ ਯਿਸੂ ਮੰਨਦਾ ਸੀ ਕਿ ਸ਼ਰ੍ਹਾ ਦਿੱਤੇ ਜਾਣ ਵੇਲੇ ਮੂਸਾ *ਖ਼ੁਦਾ ਤੋਂ* ਮਿਲੀ ਪ੍ਰੇਰਣਾ ਨਾਲ ਬੋਲਦਾ ਸੀ । [26]ਅੱਗੇ ਉਦਾਹਰਣ ਵਿਚ ਮਾਤਾ ਪਿਤਾ ਨੂੰ ''ਬੁਰਾ ਆਖਣਾ'' ਜਾਂ (ਸਰਾਪ ਦੇਣ) ਦੀ ਕੋਈ ਗੱਲ ਨਹੀਂ ਹੈ, ਜਿਵੇਂ ਕਿ ਆਮ ਤੌਰ ਤੇ ਅਸੀਂ ਇਸ ਸ਼ਬਦ ਨੂੰ ਮੰਨਦੇ ਹਾਂ, ਬਲਕਿ ਲੋੜਵੰਦ ਮਾਤਾ ਪਿਤਾ ਦੀ ਮਦਦ ਕੀਤੇ ਬਗੈਰ ਉਨ੍ਹਾਂ ਨੂੰ ਭੇਜ ਦੇਣਾ, ਉਨ੍ਹਾਂ ਨੂੰ ਸਰਾਪ ਦੇਣ ਵਾਂਗ ਹੀ ਹੈ। ਜਿਸ ਵਿਚ ਉਨ੍ਹਾਂ ਨੂੰ ਭੁੱਖ ਅਤੇ ਬੇਇੱਜ਼ਤੀ ਦੋਵੇਂ ਝੱਲਣੇ ਪੈਂਦੇ ਹਨ। [27]ਕੁਝ ਲੋਕਾਂ ਦਾ ਅੰਦਾਜ਼ਾ ਹੈ ਕਿ ਜਦ ਕਿ ਤਕਨੀਕੀ ਤੌਰ ਤੇ ਭਾਵੇਂ ਚੀਜ਼ਾਂ ਖ਼ੁਦਾ ਦੀਆਂ ਹਨ, ਪਰ ਆਦਮੀ ਜਦ ਤਕ ਜੀਉਂਦਾ ਰਹੇ ਉਨ੍ਹਾਂ ਦੀ ਨਿੱਜੀ ਵਰਤੋਂ ਕਰਦਾ ਰਹਿ ਸਕਦਾ ਹੈ। [28]ਵਾਈਨ, 232 ਵਿਚ ਜ਼ਿਕਰ ਕੀਤਾ ਗਿਆ ਹੈ। ਪੁਰਾਣੇ ਨੇਮ ਦਾ ਨੇਮ ਸੀ ਕਿ ਸੁੱਖਣਾ ਪੂਰੀ ਕੀਤੀ ਜਾਵੇ (ਵੇਖੋ ਗਿਣਤੀ 30)। ਪਰ ਸੁੱਖਣਾ ਦੇ ਨੇਮ ਨੂੰ ਇਵੇਂ ਲਾਗੂ ਕਰਨਾ, ਜਿਸ ਨਾਲ ਦਸ ਹੁਕਮਾਂ ਦੇ ਬੁਨਿਆਦੀ ਨਿਯਮ ਰੱਦ ਹੋ ਜਾਣ, ਬੇਤੁਕਾ ਸੀ। [29]ਉਸ ਸਮੇਂ ਵੀ ਕਿਸੇ ਦਾ ਸਭ ਕੁਝ ਗੁਆਚ ਜਾਣਾ ਸੰਭਵ ਸੀ (ਮੱਤੀ 6:19); ਅਤੇ ਅੱਜ ਵੀ ਹੈ। [30]*ਮਸੀਹ ਦੀ ਜ਼ਿਦਗੀ, 2* ਕਿਤਾਬ ਵਿਚ ''ਤੂਫ਼ਾਨ ਦਾ ਜਮ੍ਹਾ ਹੋਣਾ'' ਪਾਠ ਤੇ ਵਿਚਾਰ ਕਰੋ।

[31]*ਮਸੀਹ ਦੀ ਜ਼ਿੰਦਗੀ, 1* ਕਿਤਾਬ ਵਿਚ ''ਯਹੂਦੀਆਂ ਦੇ ਪਰਬ'' ਵਾਲਾ ਚਾਰਟ ਵੇਖੋ। [32]ਜਿੱਥੇ ਮੈਂ ਰਹਿੰਦਾ ਹਾਂ ਉੱਥੇ ਇਨ੍ਹਾਂ ਰੀਤਾਂ ਨੂੰ ਮੰਨਣ ਵਾਲੀਆਂ ਕਲੀਸੀਆਵਾਂ ਅੱਜ ਵੀ ਹਨ, ਪਰ ਉੱਥੇ ਇਨ੍ਹਾਂ ਧਾਰਮਿਕ ਜਮਾਤਾਂ ਦੀ ਚੱਲਦੀ ਨਹੀਂ ਹੈ। [33]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿਨਸਿਨਾਟੀ: ਪਬਲਿਸ਼ਿੰਗ ਕੰ., 1914), 396. [34]ਅਸਲ ਵਿਚ, ਯੂਨਾਨੀ ਲਿਖਤ ਵਿਚ ਵੀ ਇਹੀ ਜ਼ੋਰ ਦਿੱਤਾ ਗਿਆ ਹੈ।